Punjab Government Gazette

Published by Authority

No.34] CHANDIGARH, FRIDAY, AUGUST 22, 2025 (SRAVANA 31, 1947 SAKA)

PART I

Punjab Government Notifications and Orders

ਪੰਜਾਬ ਸਰਕਾਰ

ਆਮ ਰਾਜ ਪ੍ਰਬੰਧ ਵਿਭਾਗ

(ਪ੍ਰਸ਼ਾਸ਼ਕੀ ਅਫਸਰ-1)

ਹੁਕਮ

ਸ਼੍ਰੀ ਮਹਿੰਦਰ ਸਿੰਘ, ਟੈਕਨੀਸ਼ੀਅਨ ਗ੍ਰੇਡ-2, ਦਫਤਰ ਪ੍ਰੀਟਿੰਗ ਅਤੇ ਸਟੇਸ਼ਨਰੀ ਵਿਭਾਗ, ਪੰਜਾਬ, ਚੰਡੀਗੜ੍ਹ ਨੂੰ ਪੰਜਾਬ ਸਰਕਾਰ ਦਾ ਕੈਟਾਗਿਰੀ-2 ਦਾ ਸਰਕਾਰੀ ਮਕਾਨ ਨੰ: 3111, 39-ਡੀ, ਚੰਡੀਗੜ੍ਹ ਅਲਾਟ ਹੈ, ਉਹ ਮਿਤੀ 30-04-2023 ਨੂੰ ਸਰਕਾਰੀ ਸੇਵਾ ਤੋਂ ਸੇਵਾ ਨਿਵਿਰਤ ਹੋ ਗਏ ਸਨ।ਅਲਾਟਮੈਂਟ ਨਿਯਮ 10.2 ਤਹਿਤ ਉਸ ਵੱਲੋਂ ਸੇਵਾ ਨਿਵਿਰਤੀ ਤੋਂ ਬਾਅਦ ਮਿਤੀ 01-05-2023 ਤੋਂ 31-10-2023 ਤੱਕ (ਛੇ ਮਹੀਨੇ ਲਈ) ਸਰਕਾਰੀ ਮਕਾਨ ਨਾਰਮਲ ਰੈਂਟ ਤੇ ਰਿਟੇਨ ਕਰ ਸਕਦਾ ਹੈ।

2. ਹੁਣ ਬਿਨੈਕਾਰ ਸ਼੍ਰੀ ਮਹਿੰਦਰ ਸਿੰਘ, ਟੈਕਨੀਸ਼ੀਅਨ ਗ੍ਰੇਡ-2, (ਰਿਟਾ), ਦਫਤਰ ਪ੍ਰੀਟਿੰਗ ਅਤੇ ਸਟੇਸ਼ਨਰੀ ਵਿਭਾਗ, ਪੰਜਾਬ, ਚੰਡੀਗੜ੍ਹ ਵੱਲੋਂ ਪ੍ਰਾਪਤ ਪ੍ਰਤੀਬੇਨਤੀ ਮਿਤੀ 03-10-2023 ਨੂੰ ਪ੍ਰਸ਼ਾਸਨ ਵੱਲੋਂ ਵਿਚਾਰਨ ਉਪਰੰਤ ਉਸਦੇ ਮਕਾਨ ਦੀ ਉਸਾਰੀ ਦੇ ਮੱਦੇਨਜਰ ਸਰਕਾਰੀ ਮਕਾਨ ਨੰ: 3111, 39-ਡੀ, ਚੰਡੀਗੜ੍ਹ ਨੂੰ ਅਲਾਟਮੈਂਟ ਨਿਯਮ 10 (5) ਤਹਿਤ ਮਿਤੀ 01-11-2023 ਤੋਂ ਮਿਤੀ 30-11-2023 ਤੱਕ (01 ਮਹੀਨੇ ਲਈ) ਨਾਰਮਲ ਰੈਂਟ ਦਾ ਚਾਰ ਗੁਣਾ ਦੇ ਹਿਸਾਬ ਨਾਲ ਰਿਟੇਨ ਕਰਨ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ।

ਸ਼ਰੂਤੀ ਸਿੰਘ, ਆਈ.ਏ.ਐਸ,
ਸਕੱਤਰ, ਪੰਜਾਬ ਸਰਕਾਰ
ਆਮ ਰਾਜ ਪ੍ਰਬੰਧ ਵਿਭਾਗ

ਚੰਡੀਗੜ੍ਹ
ਮਿਤੀ 25 ਅਕਤੂਬਰ, 2023

3482/8-2025/Pb.Govt.Press, S.A.S. Nagar